# ਪਰਮੇਸ਼ੁਰ ਚਾਨਣ ਹੈ

**ਉਸਤਤ ਕਰੋ—ਪਰਮੇਸ਼ੁਰ ਚਾਨਣ ਹੈ:** ਉਹ ਜੋ ਸਾਡੀ ਆਤਮਿਕ ਰੋਸ਼ਨੀ ਹੈ, ਅਤੇ ਜੋ ਕੁੱਝ ਵੀ ਸਭ ਸੱਚ ਹੈ ਉਹ ਉਸਦਾ ਸਰੋਤ ਹੈ

**ਬਾਈਬਲ ਤੋਂ (ਦੇ) ਵਚਨ:** 2 ਸਮੂਏਲ 22:29; 1 ਯੂਹੰਨਾ 1:5; ਯੂਹੰਨਾ 8:12

## ਇਕਰਾਰ ਕਰਨਾ—

ਜੇ ਅਸੀਂ ਆਖੀਏ ਭਈ ਸਾਡੀ ਉਹ ਦੇ ਨਾਲ ਸੰਗਤ ਹੈ ਅਤੇ ਚੱਲੀਏ ਅਨ੍ਹੇਰੇ ਵਿੱਚ ਤਾਂ ਅਸੀਂ ਝੂਠ ਮਾਰਦੇ ਹਾਂ ਅਤੇ ਸਤ ਉੱਤੇ ਨਹੀਂ ਚੱਲਦੇ ਪਰ ਜੇ ਅਸੀਂ ਚਾਨਣ ਵਿੱਚ ਚੱਲੀਏ ਜਿਵੇਂ ਉਹ ਚਾਨਣ ਵਿੱਚ ਹੈ ਤਾਂ ਸਾਡੀ ਆਪੋ ਵਿੱਚੀ ਸੰਗਤ ਹੈ ਅਤੇ ਉਹ ਦੇ ਪੁੱਤ੍ਰ ਯਿਸੂ ਦਾ ਲਹੂ ਸਾਨੂੰ ਸਾਰੇ ਪਾਪ ਤੋਂ ਸ਼ੁੱਧ ਕਰਦਾ ਹੈ। 1 ਯੂਹੰਨਾ 1:6-7 ਬੀ ਐਸ ਆਈ ਬਾਈਬਲ

## ਧੰਨਵਾਦ ਦੇਣਾ—

ਕਿਉਂ ਜੋ ਪਰਮੇਸ਼ੁਰ ਜਿਹ ਨੇ ਆਖਿਆ ਸੀ, "ਜੋ ਅਨ੍ਹੇਰਿਓਂ ਚਾਨਣ ਚਮਕੇ," ਉਹ ਸਾਡਿਆਂ ਮਨਾਂ ਵਿੱਚ ਚਮਕਿਆ ਭਈ ਪਰਮੇਸ਼ੁਰ ਦੇ ਤੇਜ ਦਾ ਗਿਆਨ ਮਸੀਹ ਦੇ ਮੁਖ ਵਿੱਚ ਪਰਕਾਸ਼ ਕਰੇ। 2 ਕੁਰਿੰਥੀਆਂ 4:6

## ਵਿਚੋਲਗੀ ਕਰਨਾ—

**ਆਪਣੇ ਬੱਚਿਆਂ ਲਈ:** ਤੇਰਾ ਬਚਨ __________ ਦੇ ਪੈਰਾਂ ਲਈ ਦੀਪਕ, ਅਤੇ ਉਸਦੇ ਰਾਹ ਦਾ ਚਾਨਣ ਹੋਵੇ। ਇਸੇ ਤਰ੍ਹਾਂ ਉਸਦਾ ਚਾਨਣ ਮਨੁੱਖਾਂ ਦੇ ਸਾਹਮਣੇ ਚਮਕੇ ਤਾਂ ਜੋ ਓਹ ਉਸਦੇ ਸ਼ੁਭ ਕਰਮ ਵੇਖ ਕੇ ਆਪਣੇ ਪਿਤਾ ਦੀ ਜਿਹੜਾ ਸੁਰਗ ਵਿੱਚ ਹੈ ਵਡਿਆਈ ਕਰਨ। ਜ਼ਬੂਰ 119:105 ਅਤੇ ਮੱਤੀ 5:16 ਤੋਂ

**ਗੁਆਚਿਆਂ ਦੀ ਮੁਕਤੀ ਲਈ:** __________ *ਦੀ ਅੱਖਾਂ ਖੋਲ੍ਹ ਦੇਹ ਅਤੇ ਓਹ ਅਨ੍ਹੇਰੇ ਤੋਂ ਚਾਨਣ ਦੀ ਵੱਲ ਅਤੇ ਸ਼ਤਾਨ ਦੇ ਵੱਸ ਤੋਂ ਪਰਮੇਸ਼ੁਰ ਦੀ ਵੱਲ ਮੁੜੇ ਸਿੱਟੇ ਵੱਜੋਂ ਓਹ ਪਾਪਾਂ ਦੀ ਮਾਫ਼ੀ ਅਤੇ ਉਨ੍ਹਾਂ ਵਿੱਚ ਜਿਹੜੇ ਯਿਸੂ ਉੱਤੇ ਨਿਹਚਾ ਕਰ ਕੇ ਪਵਿੱਤ੍ਰ ਹੋਏ ਹਨ ਵਿਰਸਾ ਪਾ ਜਾਵੇ।* ਰਸੂਲਾਂ ਦੇ ਕਰਤੱਬ 26:18 ਤੋਂ

**ਵਿਦਿਆਰਥੀ:** ਕਿਉਂ ਜੋ ਤੁਸੀਂ ਅੱਗੇ ਅਨ੍ਹੇਰਾ ਸਾਓ ਪਰ ਹੁਣ ਪ੍ਰਭੂ ਵਿੱਚ ਹੋ ਕੇ ਚਾਨਣ ਹੋ, ਤੁਸੀਂ ਚਾਨਣ ਦੇ ਪੁੱਤ੍ਰਾਂ ਵਾਂਙੁ ਚੱਲੋ। ਅਫ਼ਸੀਆਂ 5:8

**ਅਧਿਆਪਕਾਂ/ਪ੍ਰਬੰਧਕਾਂ ਲਈ:**
ਕਿਉਂ ਜੋ ਪਰਮੇਸ਼ੁਰ ਜਿਹ ਨੇ ਆਖਿਆ ਸੀ, "ਅਨ੍ਹੇਰਾ ਚਾਨਣ ਉੱਤੇ ਚਮਕੇ," ਉਹ ਸਾਡਿਆਂ ਮਨਾਂ ਵਿੱਚ ਚਮਕਿਆ ਭਈ ਪਰਮੇਸ਼ੁਰ ਦੇ ਤੇਜ ਦਾ ਗਿਆਨ ਮਸੀਹ ਦੇ ਮੁਖ ਵਿੱਚ ਪਰਕਾਸ਼ ਕਰੇ। 2 ਕੁਰਿੰਥੀਆਂ 4:6

**ਸਕੂਲਾਂ ਲਈ:** ...ਪਰ ਹੁਣ ਸਾਡੇ ਮੁਕਤੀ ਦਾਤਾ ਮਸੀਹ ਯਿਸੂ ਦੇ ਪਰਕਾਸ਼ ਹੋਣ ਤੋਂ ਪਰਗਟ ਹੋਈ ਜਦੋਂ ਉਸ ਨੇ ਮੌਤ ਦਾ ਨਾਸ ਕਰ ਦਿੱਤਾ ਅਤੇ ਜੀਵਨ ਅਤੇ ਅਬਨਾਸ ਨੂੰ ਖੁਸ਼ ਖਬਰੀ ਦੇ ਰਾਹੀਂ ਪਰਕਾਸ਼ ਕੀਤਾ। 2 ਤਿਮੋਥਿਉਸ 1:10

**ਮੌਜੂਦ ਵਿਸ਼ਵਾਸਿਆਂ ਲਈ:**
ਪਰ ਤੁਸੀਂ ਚੁਣਿਆ ਹੋਇਆ ਵੰਸ, ਜਾਜਕਾਂ ਦੀ ਸ਼ਾਹੀ ਮੰਡਲੀ, ਪਵਿੱਤਰ ਕੌਮ, ਪਰਮੇਸ਼ੁਰ ਦੀ ਖਾਸ ਪਰਜਾ ਹੋ ਭਈ ਤੁਸੀਂ ਉਹ ਦਿਆਂ ਗੁਣਾਂ ਦਾ ਪਰਚਾਰ ਕਰੋ ਜਿਹ ਨੇ ਤੁਹਾਨੂੰ ਅਨ੍ਹੇਰੇ ਤੋਂ ਆਪਣੇ ਅਚਰਜ ਚਾਨਣ ਵਿੱਚ ਸੱਦ ਲਿਆ। 1 ਪਤਰਸ 2:9

Moms in Prayer
INTERNATIONAL™
ਪ੍ਰਾਰਥਨਾ ਵਿੱਚ ਮਾਵਾਂ ਇੰਟਰਨੈਸ਼ਨਲ
momsinprayer.org